Rare Books

16621-G

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

16621-G

Rare Book

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਤਨਖ਼ਾਹ ਨਾਮਾ

## ਗੁਰੂ ਗੋਬਿੰਦਸਿੰਘ ਜੀ ਦਾ

## ਭਾਈ ਨੰਦਲਾਲ ਵਾਲਾ

ਆਗਜਾਨੁਸਾਰ
ਲਾਲਾ ਮੋਹਰਚੰਦ ਲਛਮਨ ਦਾਸ ਮਾਲਿਕਾਨ ਸ੍ਰੀ ਗੁਰੂ ਨਾਨਕ
ਪੁਸਤਕਾਲੈ ਸੈਦਮਿੱਠਾ ਬਾਜ਼ਾਰ ਲਾਹੌਰ ਨੇ ਬੜੇ ਯਤਨ ਨਾਲ
ਅਰੋੜਬੰਸ ਪ੍ਰੈਸ ਵਿੱਚ ਛਪਾਇਆ

DEPARTMENT OF LANGUAGES
BOOK
PUNJAB

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

DEPARTMENT OF LANGUAGES
BOOK 16621
PUNJAB, PATIALA.

# ਅਥ ਤਨਖ਼ਾਹ ਨਾਮਾ

## ਪ੍ਰਸ਼ਨ ਭਾਈ ਨੰਦਲਾਲ

ਵਾਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇ

ੴਸਤਿਗੁਰਪ੍ਰਸਾਦਿ ॥ ਦੋਹਰਾ ॥ ਪ੍ਰਸ਼ਨ ਕੀਆ ਨੰਦਲਾਲ ਜੀ ਗੁਰੂ ਬਤਾਈਏ ਮੋਹਿ । ਕਵਨ ਕਰਮ ਇਨ ਜੋਗ ਹੈ ਕਵਨ ਕਰਮ ਇਨ ਸੋਹਿ ॥ ੧ ॥ ਦੋਹਰਾ ॥ ਨੰਦਲਾਲ ਤੁਮ ਬਚਨ ਸੁਨੋ ਸਿੱਖ ਕਰਮ ਹੈ ਏਹੁ ਨਾਮ

Digitized by Panjab Digital Library | www.panjabdigilib.org

ਦਾਨ ਇਸ਼ਨਾਨ ਬਿਨੁ ਕਰੈ ਨਾ ਅਨਸਿਉਂ ਨੇਹੁ ॥ ੨ ॥
ਚੌਪਈ ॥ ਪ੍ਰਾਤਕਾਲ ਸਤ ਸੰਗ ਨ ਜਾਵੈ। ਤਨਖਾਹੁਦਾਰ
ਵਹੁ ਬਡਾ ਕਹਾਵੈ। ਸਤ ਸੰਗਿ ਜਾਇ ਕਰਿ ਚਿਤ ਡੁਲਾਵੈ।
ਈਹਾਂ ਊਹਾਂ ਠਉਰੁ ਨ ਪਾਵੈ ॥ ੩ ॥ ਹਰਿ ਜਸੁ ਸੁਨਤੇ ਬਾਤ
ਚਲਾਵੈ। ਕਹੈ ਗੁਬਿੰਦਸਿੰਘ ਵਹੁ ਜਮ ਪੁਰ ਜਾਵੈ। ਨਿਰਧਨੁ
ਦੇਖ ਨ ਪਾਸਿ ਬਹਾਵੈ। ਸੋ ਤਨਖ਼ਾਹੀ ਮੂਲ ਕਹਾਵੈ ॥ ੪ ॥
ਸਬਦੁ ਗਿਆਨ ਬਿਨੁ ਕਰੇ ਜੋ ਬਾਤ। ਤਾਕੇ ਕਛੁ ਨ ਆਵੈ
ਹਾਥ। ਸਬਦੁ ਭੋਗਨਾ ਨਿਵਾਵੇ ਸੀਸ। ਤਾਕੋ ਮਿਲੈ ਨ ਪਰਮ
ਜਗ ਦੀਸ ॥ ੫ ॥ ਦੋਹਰਾ ॥ ਜੋ ਪ੍ਰਸਾਦ ਕੋ ਬਾਂਟ ਹੈ

Digitized by Panjab Digital Library | www.panjabdigilib.org

ਮਨ ਮੈਂ ਧਰੈ ਜੋ ਲੋਭ। ਕਿਸੇ ਥੋੜਾ ਕਿਸੇ ਅਗਲਾ ਸਦਾ ਰਹੈ ਤਿਸੁ ਸੋਗੁ ॥ ੬ ॥ ਚੌਪਈ ॥ ਕੜਾਹੁ ਕਰਨ ਕੀ ਬਿਧਿ ਸੁਨਿ ਲੀਜੋ। ਤੀਨ ਭਾਂਤਕੋ ਸਮਸਰ ਕੀਜੈ। ਲੇਪਨ ਆਗੈ ਬਹੁਕਰ ਦੀਜੈ। ਮਾਂਜਨ ਕਰਿ ਭਾਂਜਨ ਧੋਵੀਜੈ। ਕਰ ਇਸ਼ਨਾਨੁ ਪਵਿਤ੍ਰ ਹੋਇ ਬਹੈ। ਵਾਹਿਗੁਰੂ ਬਿਨੁ ਅਵਰੁ ਨ ਕਹੈ। ਨਵਤਨ ਕੁੰਭ ਪੂਰ ਜਲ ਲੇਹਿ। ਗੋਬਿੰਦਸਿੰਘ ਸਫਲ ਤਿਨ ਦੇਹਿ। ਕਰ ਤਿਆਰ ਚੌਕੀ ਪਰ ਧਰੈ। ਚਾਰ ਓਰ ਕੀਰਤਨ ਬਹਿ ਕਰੈ। ਸੁਨ ਨੰਦਲਾਲ ਬਾਤ ਹੈ ਏਹੁ। ਜਾ ਪਰ ਅਪਨੀ ਕਿਰਪਾ ਕਰੇਹੁ ॥ ੭ ॥ ਦੋਹਰਾ ॥ ਮੁਹਰ

Digitized by Panjab Digital Library | www.panjabdigilib.org

ਤੁਰਕ ਕੀ ਸਿਰ ਧਰੈ ਲੋਹ ਲਗਾਵੈ ਚਰਨ। ਕਹੈ ਗੋਬਿੰਦ ਸਿੰਘ ਸੁਣ ਨੰਦਨਾਲ ਜੀ ਫਿਰ ਫਿਰ ਹੁਇ ਤਿਸ ਮਰਨ ॥੧੦ ॥ ਚੌਪਈ ॥ ਲਗੇ ਦੀਵਾਨ ਸੁਣ ਮੂਲਿ ਨ ਜਾਵੈ। ਰਹਿਤ ਬਿਨਾਂ ਪਰਸਾਦ ਵ੍ਰਤਾਵੈ। ਸੂਹਾ ਪਹਿਨ ਲਏ ਨਸਵਾਰਾ ਕਹੈ ਗੋਬਿੰਦਸਿੰਘ ਜਮ ਕਰੇ ਖੁਆਰ ॥ ੧੧ ॥ ਮਾਇ ਭੈਣ ਜੋ ਆਵੈ ਸੰਗਤਿ। ਦ੍ਰਿਸਟਿ ਬੁਰੀ ਦੇਖੇ ਤਿਸ ਪੰਗਤ। ਸਿਖ ਹੋਇ ਜੁ ਕਰਤ ਕਰੋਧ। ਕੰਨਿਆ ਮੂਲ ਨ ਦੇਵੇ ਸੋਧ। ਧੀਅ ਭੈਣ ਕਾ ਪੈਸਾ ਖਾਇ। ਕਹੈ ਗੋਬਿੰਦਸਿੰਘ ਧੱਕੇ ਜਮ ਖਾਇ। ਸਿਖੁ ਹੋਇ ਬਿਨੁ ਲੋਹੁ ਜੁ ਫਿਰੈ। ਆਵਤ ਜਾਵਤ ਜਨਮੈ ਮਰੈ

Digitized by Panjab Digital Library | www.panjabdigilib.org

॥ ੧੩ ॥ਮਾਲ ਅਥਿੱਤ ਕਾ ਬਲ ਕਰਿ ਛਲੇ। ਜਪੁ ਤਪੁ ਤਾਂਕੋ ਸਭ ਨਹਿ ਫਲੇ। ਤੁਰਕ ਦੇਖ ਸਿਰ ਤੇ ਹਥ ਧਰੈ। ਵਹੁ ਤਨਖਾਹੀ ਅਧ ਕਹੈ ਨਰੇ ॥ ੧੪ ॥ ਸੋਰਠਾ ॥ ਕੰਘਾ ਦੋਨੋ ਵਕਤ ਕਰ ਪਗ ਚੁਨੇ ਕਰ ਬਾਧਈ। ਦਾਤਨ ਨੀਤ ਕਰੇ ਨਾ ਦੁਖ ਪਾਵੈ ਨੰਦਲਾਲ ਜੀ ॥ ੧੫ ॥ ਦੋਹਰਾ ॥ ਦਸਵੰਧ ਗੁਰੂ ਨਹਿ ਦੇਵਈ ਝੂਠੁ ਬੋਲੁ ਜੋ ਖਾਇ। ਕਹੈ ਗੋਬਿੰਦਸਿੰਘ ਲਾਲ ਜੀ ਤਿਸਕਾ ਕਹੂ ਨ ਬਿਸਾਹੁ ॥ ੧੬ ॥ ਚੌਪਈ ॥ ਠੰਢੇ ਪਾਣੀ ਜੋ ਨਹੀ ਨ੍ਹਾਵੈ। ਬਿਨੁ ਜਪੁ ਪੜੇ ਪ੍ਰਸਾਦਿ ਜੁ ਪਾਵੈ। ਬਿਨੁ ਰਹਿਰਾਸ ਸਮਾ ਜੋ ਖੋਵੈ। ਕੀਰਤਨ ਪੜ੍ਹੇ ਬਿਨੁ

Digitized by Panjab Digital Library | www.panjabdigilib.org

ਰੈਂਨ ਜੁ ਸੋਵੈ ॥ ੧੭ ॥ ਚੁਗਲੀ ਕਰ ਜੋ ਕਾਜ ਬਿਗਾਰੈ। ਧ੍ਰਿਗੁ ਤਿਸ ਜਨਮੁ ਜੁ ਧਰਮੁ ਬਿਸਾਰੈ। ਕਰੈ ਬਚਨਜੋ ਪਾਲੈ ਨਾਹੀ। ਕਹੈ ਗੋਬਿੰਦਸਿੰਘ ਤਿਸ ਠੌਰ ਕਤ ਨਾਹੀ ॥ ੧੮ ॥ ਲੈ ਤੁਰਕਨ ਤੇ ਮਾਸ ਜੁ ਖਾਵੈ। ਬਿਨੁ ਗੁਰ ਸਬਦ ਬਚਨ ਜੋਈ ਗਾਵੈ। ਤਿਰੀਆ ਰਾਗ ਸੁਨੈ ਚਿਤ ਲਾਇ। ਸੁਨੋ ਨੰਦਲਾਲ ਸੁ ਜਮ ਪੁਰ ਜਾਇ ॥ ੧੯ ॥ ਦੋਹਰਾ ॥ ਸਾਧ ਕਹਾਵੈ ਰਹਿਤ ਬਿਨੁ ਚੀਨੈ ਨਾਹੀ ਰੂਪ। ਕਪਟ ਕਰਨ ਤੇ ਲਾਲ ਜੀ ਭਲੀ ਬਨੀ ਤਿਸੁ ਚੂਪ ॥ ੨੦ ॥ ਚੌਪਈ ॥ ਅਰ ਦਾਸ ਬਿਨਾ ਜੋ ਕਾਜ ਸਿਧਾਵੈ। ਭੇਟ ਕੀਏ ਬਿਨੁ ਕਛੁ ਮੁਖ

Digitized by Panjab Digital Library | www.panjabdigilib.org

ਪਾਵੈ ॥ ਤਿਆਗੀ ਬਸਤੁ ਗਹਨੁ ਨਹੀ ਕਰੈ । ਬਿਨੁ ਤਿਰਿਆ ਅਪਨੀ ਸੇਜ ਜੁ ਰਮੈ ॥ ੨੧ ॥ ਅਥਿਤ ਦੇਖ ਨਹੀ ਦੇਵੈ ਦਾਨ । ਸੋ ਨਹੀ ਪਾਵੈ ਦਰਗਹ ਮਾਨ । ਕੀਰਤਨ ਕਥਾ ਸਿਉ ਮਨ ਨਹੀ ਲਾਵੈ । ਸੰਤ ਸਿੱਖ ਕਉਂ ਬੁਰਾ ਅਲਾਵੈ ॥ ੨੨ ॥ ਨਿੰਦਾ ਜੂਆ ਰਿਦੇ ਜੁ ਮਾਲ । ਮਹਾਂ ਦੁਖਾਵੈ ਨੰਦ ਤਿਸ ਕਾਲ । ਗੁਰ ਕੀ ਨਿੰਦਾ ਸੁਨੇ ਨਾ ਕਾਂਨ । ਭੇਟਾ ਕਰੈ ਸੰਗ ਕਿਰਪਾਂਨ ॥ ੨੩ ॥ ਦੋਹਰਾ ॥ ਗੋਲਕ ਰਾਖੈ ਨਾਹਿ ਜੋ ਛਲ ਕਾ ਕਰੈ ਵਪਾਰ । ਕਹੈ ਗੋਬਿੰਦਸਿੰਘ ਸੁਣ ਲਾਲ ਜੀ ਭੋਗੈ ਨਰਕ ਹਜ਼ਾਰ ॥ ੨੪ ॥ ਚੌਪਈ

Digitized by Panjab Digital Library | www.panjabdigilib.org

॥ ਫੂਕ ਮਾਰ ਦੀਪਕ ਬਿਸਮਾਵੈ । ਜੂਠੇ ਪਾਣੀ ਅਗਨਿ ਬੁਝਾਵੈ । ਵਾਹਿ ਗੁਰੂ ਕਹੇ ਬਿਨੁ ਪਰਸਾਦਿ ਜੁ ਪਾਵੈ । ਵੇਸ੍ਵਾ ਦੁਆਰੇ ਸਿੱਖ ਜੋ ਜਾਵੈ ॥ ੨੫ ॥ ਪਰ ਇਸਤ੍ਰੀ ਸਿਉ ਨੇਹੁ ਲਗਾਵੈ । ਕਹੈ ਗੋਬਿੰਦਸਿੰਘ ਵਹੁ ਸਿੱਖ ਨਹੀ ਭਾਵੈ । ਗੁਰਤਲਪੀ ਕਪਟੀ ਹੈ ਜੋਇ । ਵਡ ਤਨਖਾਹੀ ਜਾਨੋ ਸੋਇ ॥ ੨੬ ॥ ਗੁਰ ਕੋ ਛੋਡ ਅਵਰ ਸਿਉ ਮਾਂਗੈ । ਰਾਤ੍ਰੀ ਸਵੈ ਤੇੜ ਹੋਇ ਨਾਂਗੈ । ਨਗਨ ਹੋਇ ਕਰ ਭੋਗ ਜੋ ਕਰੈ । ਨਗਨ ਹੋਇ ਜਲ ਮੱਜਨ ਕਰੈ ॥ ੨੭ ॥ ਦੋਹਰਾ ॥ ਨਗਨ ਹੋਇ ਕਰ ਫੈਲ ਬਦ ਨਗਨ ਸੀਸ ਜੋ ਖਾਇ ।

Digitized by Panjab Digital Library | www.panjabdigilib.org

ਨਗਨ ਪ੍ਰਸਾਦਿ ਜੋ ਬਾਂਟਈ ਤਨਖਾਹੀ ਬਡੋ ਕਹਾਇ ॥
੨੮ ॥ ਚੌਪਈ ॥ ਖ਼ਾਲਸਾ ਸੋਈ ਜੋ ਨਿੰਦਾ ਤਿਆਗੈ।
ਖਾਲਸਾ ਸੋਈ ਲੜੇ ਹੁਇ ਆਗੈ। ਖਾਲਸਾ ਸੋਈ ਜੋ ਦੇਵੇ
ਦਾਨ। ਖਾਲਸਾ ਸੋਈ ਜੋ ਮਾਰੇ ਖ਼ਾਨ ॥ ੨੯ ॥ ਖਾਲਸਾ ਸੋਈ
ਜੋ ਪੰਚਾ ਕਉ ਮਾਰੇ। ਖਾਲਸਾ ਸੋਈ ਜੋ ਕਰਮਾ ਕੋ ਸਾੜੇ।
ਖਾਲਸਾ ਸੋਈ ਜੁ ਮਾਨ ਕਉ ਤਿਆਗੈ। ਖਾਲਸਾ ਸੋਈ ਜੁ
ਪਰ ਇਸਤ੍ਰੀ ਤਿਆਗੈ॥ ੩੦ ॥ ਖਾਲਸਾ ਸੋਈ ਪਰ ਦ੍ਰਿਸ਼ਟਿ
ਕਉ ਤਿਆਗੈ। ਖਾਲਸਾ ਸੋਈ ਨਾਮਰਤਿ ਲਾਗੈ। ਖਾਲਸਾ
ਸੋਈ ਗੁਰੂ ਬਾਣੀ ਹਿਤੁ ਲਾਵੈ। ਖਾਲਸਾ ਸੋਈ ਸਾਰ ਮੁਹਿ

Digitized by Panjab Digital Library | www.panjabdigilib.org

ਖਾਵੈ॥ ੩੧ ॥ ਦੋਹਰਾ ॥ ਖਲਕ ਖਾਲਕ ਕੀ ਜਾਨ ਕੈ ਖਲਕ ਦੁਖਾਵੇ ਨਾਹਿ। ਖਲਕ ਦੁਖੈ ਤੋੜੈ ਨੰਦ ਲਾਲ ਜੀ ਖਾਲਕ ਕੋ ਪੈ ਤਾਹਿ॥ ੩੨ ॥ ਚੌਪਈ ॥ ਖ਼ਾਲਸਾ ਸੋਈ ਨਿਰਧਨ ਕਉ ਪਾਲੈ। ਖ਼ਾਲਸਾ ਸੋਈ ਦੁਸ਼ਟ ਕੌ ਗਾਲੈ। ਖਾਲਸਾ ਸੋਈ ਨਾਮ ਜਪ ਕਰੈ। ਖ਼ਾਲਸਾ ਸੋਈ ਮਲੇਛ ਪਰ ਚੜ੍ਹੈ ॥੩੩॥ ਖਾਲਸਾ ਸੋਈ ਨਾਮ ਸਿਉ ਜੋੜੈ। ਖ਼ਾਲਸਾ ਸੋਈ ਬੰਧਨ ਕੋ ਤੋੜੈ। ਖਾਲਸਾ ਸੋਈ ਜੁ ਚੜੈ ਤੁਰੰਗ। ਖਾਲਸਾ ਸੋਈ ਜੋ ਕਰੈ ਨਿਤ ਜੰਗ ॥ ੩੪ ॥ ਖਾਲਸਾ ਸੋਈ ਸਸਤ੍ਰ ਕਉ ਧਾਰੈ। ਖਾਲਸਾ ਸੋਈ ਤੁਰਕ ਕਉ ਮਾਰੈ। ਖ਼ਾਲਸਾ ਸੋਈ ਧਰਮ ਕਉ ਪਾਲੈ

ਖਾਲਸਾ ਸੋਈ ਸੀਸ ਸਸਤ੍ਰ ਦੇ ਨਾਲੈ ॥ ੩੫ ॥ ਦੋਹਰਾ ॥
ਦੋਹੀ ਫਿਰੈ ਅਕਾਲ ਕੀ ਨਿੰਦਾ ਕਰੇ ਨ ਕੋਇ। ਬਨਪਰਬਤ
ਸਭ ਭਜਹਿੰਗੇ ਤਰਹਿ ਜਗਤ ਮੈ ਸੋਇ ॥ ੩੬ ॥ ਚੌਪਈ
ਸੁਨੋ ਨੰਦਲਾਲ ਏਹੋ ਸਾਜ। ਪਰਾਹ ਮਰੂੰਗ ਆਪਨਿ ਰਾਜ।
ਚਾਰ ਬਰਨ ਇਕ ਬਚਨ ਕਰਾਊਂ। ਵਾਹਿ ਗੁਰੂਕਾ ਜਾਪ ਜ
ਪਾਊਂ ॥ ੩੭ ॥ ਚੜਹਿ ਤੁਰੰਗ ਉਡਾਵਹਿ ਬਾਜ। ਦੇਖ ਖਾਲਸੇ
ਕਉ ਤੁਰਕੁ ਜਾਹਿਗੇ ਭਾਜ। ਸਵਾ ਲਾਖ ਸੇ ਏਕ ਲਰਾਊਂ।
ਚੜਹਿੰ ਸਿੰਘ ਤਿਸੁ ਮੁਕਤਿ ਕਰਾਊਂ ॥ ੩੯ ॥ ਝੂਲਨ ਨੇ
ਜੇ ਹਸਤੀ ਸਾਜੇ। ਦੁਆਰ ਦੁਆਰ ਪੂਰ ਨਉਬੱਤ ਬਾਜੇ।

Digitized by Panjab Digital Library | www.panjabdigilib.org

ਸਵਾ ਲਾਖ ਜਬ ਧੁਖੇ ਪਲੀਤਾ। ਤਬ ਖਾਲਸਾ ਉਦੇ ਅਸਤ ਲੌ ਜੀਤਾ ॥ ੩੯ ॥ ਦੋਹਰਾ ॥ ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ। ਖ੍ਵਾਰ ਹੋਇ ਸਭ ਮਿਲੇਗੇਬਚੇ ਸਰਨ ਜੋ ਹੋਇ ॥ ੪੦ ॥ ਬਚਨ ਹੈ ਸ੍ਰੀ ਗੁਰੂ ਜੀ ਕਾ ॥ ਕਿ ਜੋ ਕੋਈ ਸਿਖ ਦਾ ਬੇਟਾ ਹੋਇ ਅਰੁ ਮੋਨਾ ਹੋਇ ਜਾਵੇ ਤਿਸਕੀ ਜੜ ਸੁੱਕੀ, ਔਰ ਜੋ ਮੋਨਾ ਸਿੱਖ ਹੋ ਜਾਵੇ ਤਾਂ ਤਿਸਕੀ ਜੜ ਹਰੀ ॥

ਇਤਿ ਸ੍ਰੀ ਤਨਖਾਹ ਨਾਮਾ ਸੰਪੂਰਣੰ

ਦੋਹਰਾ ॥ ਇਨ ਦਸ ਅੱਖਰਨ ਕਾ ਕਬੀ ਸਿੱਖ ਨਾ

Digitized by Panjab Digital Library | www.panjabdigilib.org

ਕਰੇ ਬਿਸਾਹੁ । ਕੱਕੇ ਪੰਜ ਜੋ ਕਹਿਤ ਹੈ ਸੱਸੇ ਕੇ ਪੰਜ ਸੁ-
ਨਾਹੁ ॥ ੧ ॥ ਚੌਪਈ ॥ ਕੱਛ ਕੇਸ ਕੰਘਾ ਕਿਰਪਾਨ । ਕੜਾ
ਔਰ ਜੋ ਕਰੋ ਬਖਾਨ । ਸਰਪ ਅਤੇ ਸਿੰਘ ਸੁਨਿਆਰਾ । ਸੌ
ਕਣ ਸ਼ਰੀਕ ਸੇਂ ਕਰੇ ਕਿਨਾਰਾ ॥ ੨ ॥ ਇਹੁ ਕੱਕੇ ਸੱਸੇ ਤੁਮ
ਜਾਂਨੋ । ਇਨ ਸਭਹਨ ਕੋ ਰਿਦੇ ਪਛਾਂਨੋ । ਰਾਜਾ ਹਰੀ ਆ-
ਗਜਾ ਮੁਹਿ ਦੀਨੀ । ਤਨਖਾਹ ਨਾਮਾ ਤੁਮ ਲਿਖੋ ਨਵੀਨੀ ॥ ੩ ।

ਸੰਮਤ ੧੯੫੧ ਕੱਤਕ ੫

Digitized by Panjab Digital Library | www.panjabdigilib.org

# ਤਖਤਾ ਸਤਿ ਸ੍ਰੀ ਅਕਾਲ

ਛਾਪਾ ਬੰਬਈ

ਪ੍ਰਗਟ ਹੋ ਕਿ ਹਮ ਨੇ ਬੜੇ ਯਤਨ ਨਾਲ "ਸਤਿ ਸ੍ਰੀ ਅਕਾਲ" ਸ੍ਰੀ ਵਾਹਿ ਗੁਰੂ ਜੀ ਕੀ ਫਤੇ' ਦਾ ਇਕ ਸੁੰਦਰ ਕਿਤਾ ਜਿਸ ਪਰ ਬਹੁਤ ਸੁੰਦਰ ੨ ਬੇਲ ਬੂਟੇ ਹੈਂ ਤਿਆਰ ਕਰਵਾ ਕਰ ਛਪਵਾਇਆ ਹੈ ਜੋ ਕਿ ਮਕਾਨ ਵਿਚ ਤਸਵੀਰਾਂ ਦੀ ਤਰਹ ਲਗਾਇਆ ਜਾ ਸਕਦਾ ਹੈ ਕੀਮਤ =) ਹੈ ਜੋ ਮਹਾਸ਼ਯ ਮੰਗਾਨਾ ਚਾਹੇ ਨੀਚੇ ਲਿਖੇ ਪਤੇ ਸੇ ਮੰਗਾ ਲੇਂਵੇਂ ॥

**ਮੇਹਰਚੰਦ ਲਛਮਨ ਦਾਸ**

ਸ੍ਰੀ ਗੁਰੂ ਨਾਨਕ ਪੁਸ੍ਤਕਾਲੈ

ਸੈਦਮਿਠਾ ਬਾਜ਼ਾਰ ਲਾਹੌਰ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1309

Digitized by Panjab Digital Library | www.panjabdigilib.org

Digitized by Panjab Digital Library | www.panjabdigilib.org